# ਆਪਣੇ ਕਾਰੋਬਾਰ ਦਾ ਨਾਮ ਰੱਖਣਾ

ਸਹੀ ਨਾਮ ਇਸ਼ਤਿਹਰਬਾਜ਼ੀ ਦਾ ਇੱਕ ਅਸਰਦਾਰ ਸਾਧਨ ਹੋ ਸਕਦਾ ਹੈ। ਇਹ ਤੁਹਾਡੇ ਗਾਹਕ ਨੂੰ ਇਹ ਸਮਝਣ ਵਿੱਚ ਮਦਦ ਦੇ ਸਕਦਾ ਹੈ ਕਿ ਤੁਹਾਡਾ ਕਾਰੋਬਾਰ ਕੀ ਕਾਰਜ ਅੰਜਾਮ ਦਿੰਦਾ ਹੈ ਅਤੇ ਤੁਸੀਂ ਕਿਹੜੀ ਮਾਰਕੀਟ ਨੂੰ ਆਪਣਾ ਲਕਸ਼ ਮੰਨਦੇ ਹੋ। ਗ਼ਲਤ ਨਾਮ ਨਾਲ ਗਾਹਕ ਟਪਲਾ ਖਾ ਸਕਦੇ ਹਨ ਜਾਂ ਤੁਹਾਡੇ ਕੋਲੋਂ ਪਰ੍ਹੇ ਹੋ ਸਕਦੇ ਹਨ।

ਵਿਚਾਰਨ ਵਾਲੀਆਂ ਕੁੱਝ ਗੱਲਾਂ:

- ਆਪਣੇ ਕਾਰੋਬਾਰ ਲਈ ਤੁਸੀਂ ਕਿਸ ਤਰ੍ਹਾਂ ਦੇ ਕਾਰੋਬਾਰੀ ਢਾਂਚੇ ਦੀ ਚੋਣ ਕਰਦੇ ਹੋ, ਇਸ ਦਾ ਤੁਹਾਡੇ ਕਾਰੋਬਾਰ ਦੇ ਨਾਮ ਉੱਤੇ ਅਸਰ ਪਵੇਗਾ।
- ਕਿਊਬਿਕ ਵਿੱਚ ਤੁਹਾਡੇ ਵੱਲੋਂ ਇੱਕ ਹੀ ਮਾਲਕ, ਭਾਈਵਾਲੀ, ਕਾਰੋਬਾਰੀ ਨਾਮ ਜਾਂ ਆਪ੍ਰੇਟਿੰਗ ਨਾਮ ਤਹਿਤ ਦਰਜ ਕਰਾਏ ਨਾਮਾਂ ਨੂੰ ਹਿਫਾਜ਼ਤ ਨਹੀਂ ਮਿਲਦੀ। ਕਿਸੇ ਨਿਗਮ ਦੇ ਨਾਮ ਜਾਂ ਟਰੇਡ ਮਾਰਕੇ ਨੂੰ ਹਿਫਾਜ਼ਤ ਮਿਲਦੀ ਹੈ।
- ਛੋਟਾ ਨਾਮ ਯਾਦ ਰੱਖਣ ਵਿੱਚ ਸੁਖ਼ਾਲਾ ਹੁੰਦਾ ਹੈ।
- ਆਪਣੇ ਨਿਜੀ ਨਾਮ ਤਹਿਤ ਕਾਰੋਬਾਰ ਕਰਨ ਨਾਲ ਤੁਹਾਡੇ ਸੰਭਾਵੀ ਗਾਹਕਾਂ ਨੂੰ ਕੋਈ ਪਤਾ ਨਹੀਂ ਲੱਗਦਾ ਕਿ ਤੁਸੀਂ ਕੀ ਕੰਮ-ਕਾਜ ਕਰਦੇ ਹੋ। ਤੁਹਾਨੂੰ ਕਿਸੇ ਅਜਿਹੇ ਨਾਮ `ਤੇ ਵਿਚਾਰ ਕਰਨਾ ਚਾਹੀਦਾ ਹੈ ਜਿਹੜਾ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਦੇਵੇ ਕਿ ਤੁਹਾਡੀ ਕੰਪਨੀ ਕੀ ਚੀਜ਼ ਵੇਚਦੀ ਹੈ।

ਤੁਹਾਨੂੰ ਇਹ ਚਾਹੀਦਾ ਹੈ ਕਿ:

- ਇੱਕ ਅਜਿਹਾ ਨਾਮ ਚੁਣੋ ਜਿਹੜਾ ਤੁਹਾਡੇ ਇੱਛਿਤ ਅਕਸ ਦੀ, ਅਤੇ ਤੁਹਾਡੇ ਇੱਛਿਤ ਗਾਹਕਾਂ ਦੀ ਤਰਜਮਾਨੀ ਕਰੇ।
- ਕੋਸ਼ਿਸ਼ ਕਰੋ ਕਿ ਕਿਸੇ ਛੋਟੇ ਕਾਰੋਬਾਰ ਲਈ ਸੰਖਿਪਤ ਰੂਪ ਉਦੋਂ ਤਕ ਨਾ ਵਰਤੇ ਜਾਣ (ਮਿਸਾਲ ਵਜੋਂ ਏ.ਬੀ.ਸੀ. ਕੰਪਨੀ) ਜਦੋਂ ਤਕ ਤੁਹਾਡੇ ਕੋਲ ਲੋਕਾਂ ਦੇ ਮਨਾਂ ਵਿੱਚ ਇਹ ਨਾਮ ਬਿਠਾ ਦੇਣ ਜੋਗਾ ਬਜਟ ਨਾ ਹੋਵੇ।
- ਆਪਣਾ ਨਾਮ ਇੰਨ੍ਹਾ ਕੁ ਨਿੱਖੜਵਾਂ ਚੁਣੋ ਕਿ ਇਹ ਤੁਹਾਨੂੰ ਤੁਹਾਡੇ ਮੁਕਾਬਲੇ ਵਾਲੇ ਕਾਰੋਬਾਰਾਂ ਨਾਲੋਂ ਅਲੱਗ ਕਰ ਸਕੇ।
- ਕੋਈ ਅਜਿਹਾ ਨਾਮ ਚੁਣੋ ਜਿਹੜਾ ਪਹਿਲਾਂ ਮੌਜੂਦ ਨਾ ਹੋਵੇ। ਅਨੇਕਾਂ ਨਾਮ ਦੂਜੀਆਂ ਕੰਪਨੀਆਂ ਦੇ ਟਰੇਡ ਮਾਰਕਿਆਂ ਵਜੋਂ, ਜਾਂ ਕੰਪਨੀਆਂ ਦੇ ਨਿਗਮਿਤ ਨਾਵਾਂ ਵਜੋਂ ਸੁਰੱਖਿਆ-ਪ੍ਰਾਪਤ ਹੁੰਦੇ ਹਨ।

ਆਪਣੇ ਕਾਰੋਬਾਰ ਦਾ ਨਾਮ ਧਿਆਨ ਨਾਲ ਚੁਣੋ। ਜਿੱਥੇ ਵੀ ਤੁਸੀਂ ਜਾਵੋਂਗੇ, ਇਹ ਉੱਤੇ ਤੁਹਾਡੇ ਨਾਲੋਂ ਪਹਿਲਾਂ ਪਹੁੰਚਿਆ ਹੋਵੇਗਾ।



Acclr, par le biais de son service d'intelligence d'affaires, reçoit le soutien financier de Développement économique Canada pour les régions du Québec et est membre du Réseau Entreprises Canada.

Acclr, through its business intelligence department, receives financial support from Canada Economic Development for Quebec Regions and is a member of the Canada Business Network.

Développement économique Canada pour les régions du Québec
Canada Economic Development for Quebec Regions